ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ
ਵਿੱਦਿਆ ਭਵਨ, ਬਲਾਕ-ਈ, ਪੰਜਵੀਂ ਮੰਜ਼ਿਲ, ਫੇਜ਼-8 ਮੋਹਾਲੀ
0172-5212363, ਫੈਕਸ 0172-5212370

ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ/ਐ.ਸਿ)
ਪੰਜਾਬ।(ਵੈਬ ਸਾਈਟ ਰਾਹੀਂ)
2. ਸਮੂਹ ਸਕੂਲ ਮੁੱਖੀ।

ਮੀਮੋ ਨੰ: ਕੋਆਰਡੀਨੇਸ਼ਨ/2015/2015629-5
ਮਿਤੀ: 4/05/2015

ਵਿਸ਼ਾ: ਭਵਿੱਖ ਵਿੱਚ ਕੰਮ ਆਉਣ ਵਾਲੇ ਜ਼ਰੂਰੀ ਦਸਤਾਵੇਜ ਬਣਾਉਣ ਸਬੰਧੀ ਬੱਚਿਆਂ ਨੂੰ ਜਾਗਰੂਕ ਕਰਨ ਬਾਰੇ।

1. ਆਮ ਤੌਰ ਤੇ ਇਹ ਵੇਖਣ ਵਿੱਚ ਆਇਆ ਹੈ ਕਿ ਕੁਝ ਸਰਟੀਫਿਕੇਟ/ਦਸਤਾਵੇਜ਼ ਅਜਿਹੇ ਹੁੰਦੇ ਹਨ ਜਿਹਨਾਂ ਦੀ ਬੱਚਿਆਂ ਨੂੰ ਅਚਾਨਕ ਲੋੜ ਪੈਂਦੀ ਹੈ ਜਿਵੇਂ ਕਿ ਪਾਸਪੋਰਟ ਬਣਾਉਣ ਲਈ ਜਨਮ ਸਰਟੀਫਿਕੇਟ, ਵੱਖ ਵੱਖ ਸਕੀਮਾਂ ਦਾ ਲਾਭ ਲੈਣ ਹਿੱਤ ਆਧਾਰ ਕਾਰਡ ਅਤੇ ਜਾਤੀ ਸਰਟੀਫਿਕੇਟ ਆਦਿ ਦੀ ਲੋੜ ਪੈ ਸਕਦੀ ਹੈ । ਸਮੇਂ ਸਿਰ ਇਹ ਸਰਟੀਫਿਕੇਟ ਉਪਲੱਬਧ ਨਾ ਹੋਣ ਦੀ ਸੂਰਤ ਵਿੱਚ ਬੱਚਿਆਂ ਨੂੰ ਅਚਾਨਕ ਸਮਰੱਥ ਅਥਾਰਟੀ ਕੋਲ ਪਹੁੰਚ ਕਰਨੀ ਪੈਂਦੀ ਹੈ ।

2. ਕਈ ਵਾਰ ਇਹ ਵੇਖਣ ਵਿੱਚ ਆਇਆ ਹੈ ਕਿ ਬੱਚਿਆਂ ਦੇ ਇਹ ਸਰਟੀਫਿਕੇਟ ਸਮੇਂ ਸਿਰ ਉਪਲੱਬਧ ਨਾ ਹੋਣ ਕਾਰਨ ਉਹ ਸਕੀਮਾਂ ਦੇ ਲਾਭਾਂ ਤੋਂ ਵਾਂਝੇ ਰਹਿ ਜਾਂਦੇ ਹਨ । ਉਪਰੋਕਤ ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਮੂਹ ਬੱਚਿਆਂ ਨੂੰ ਇਹਨਾਂ ਦਸਤਾਵੇਜਾਂ ਦੀ ਮਹੱਤਤਾ ਦੱਸਦੇ ਹੋਏ, ਜਾਗਰੂਕ ਕਰਨ ਦੀ ਲੋੜ ਹੈ ਕਿ ਜਨਮ ਸਰਟੀਫਿਕੇਟ, ਜਾਤੀ ਸਰਟੀਫਿਕੇਟ, ਆਧਾਰ ਕਾਰਡ ਅਤੇ ਡਿਸਬਿਲਿਟੀ ਸਰਟੀਫਿਕੇਟ(ਜੇਕਰ ਕੋਈ ਹੋਵੇ ਤਾਂ) ਸਮੇਂ ਸਿਰ ਬਣਵਾ ਲੈਣਾ ਚਾਹੀਦੇ ਹਨ ਕਿਉਂਕਿ ਭਵਿੱਖ ਵਿੱਚ ਇਹਨਾਂ ਦੀ ਲੋੜ ਕਿਸੇ ਵੀ ਸਮੇਂ ਪੈ ਸਕਦੀ ਹੈ ।

3. ਉਪਰੋਕਤ ਸਰਟੀਫਿਕੇਟ ਬਣਾਉਣ ਸਮੇਂ ਬੱਚੇ ਅਤੇ ਮਾਤਾ ਪਿਤਾ ਦੇ ਨਾਂ ਦੇ ਸਪੈਲਿੰਗ, ਜਨਮ ਮਿਤੀ ਅਤੇ ਪਤਾ ਸਹੀ ਲਿਖਿਆ ਜਾਵੇ ਤਾਂ ਜੋ ਬਾਅਦ ਵਿੱਚ ਦਰੁਸਤੀ ਦੀ ਲੋੜ ਨਾ ਪਵੇ। ਸਮੂਹ ਸਕੂਲ ਮੁੱਖੀਆਂ ਅਤੇ ਅਧਿਆਪਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਜਰੂਰੀ ਦਸਤਾਵੇਜ ਨੂੰ ਸਮੇਂ ਸਿਰ ਬਣਾਉਣ ਵਾਸਤੇ ਬੱਚਿਆਂ ਨੂੰ ਜਾਗਰੂਕ ਕਰਨ ਅਤੇ ਇਸ ਕੰਮ ਵਾਸਤੇ ਬੱਚਿਆਂ ਦੇ ਮਾਪਿਆਂ ਦਾ ਸਹਿਯੋਗ ਵੀ ਲਿਆ ਜਾਵੇ । ਪੰਜਾਬ ਸਰਕਾਰ ਦੀ ਵੈਬਸਾਈਟ punjab.gov.in ਤੇ ਸਰਵਿਸਜ਼ ਦੇ ਲਿੰਕ ਅਧੀਨ ਇਹਨਾਂ ਸਰਟੀਫਿਕੇਟ ਨੂੰ ਬਣਾਉਣ ਸਬੰਧੀ ਜਾਣਕਾਰੀ ਉਪਲੱਬਧ ਹੈ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ